# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)
ਪੰਜਾਬ।

ਮੀਮੋ ਨੰ : ਸਸਅ/ਐਮਸੀ/2015/2015/0074
ਮਿਤੀ : 01-07-2015

ਵਿਸ਼ਾ :- **ਨਵੇਂ ਪ੍ਰੋਫਾਰਮਾ ਅਨੁਸਾਰ ਇੰਸਪਾਇਰ ਐਵਾਰਡ ਸਕੀਮ ਅਧੀਨ ਸਕੂਲਾਂ ਦੀ ਆਨ-ਲਾਈਨ ਰਜਿਸਟ੍ਰੇਸ਼ਨ ਅਤੇ ਨੋਮੀਨੇਸ਼ਨ (E-MIAS) ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨੋਲੋਜ਼ੀ, ਭਾਰਤ ਸਰਕਾਰ, ਨਵੀਂ ਦਿੱਲੀ ਦੁਆਰਾ ਚਲਾਈ ਜਾ ਰਹੀ ਇੰਸਪਾਇਰ ਐਵਾਰਡ 2015-16 ਸਕੀਮ ਤਹਿਤ ਸਕੂਲਾਂ ਦੀ ਆਨਲਾਈਨ ਰਜਿਸਟ੍ਰੇਸ਼ਨ ਅਤੇ ਨੋਮੀਨੇਸ਼ਨ (E-MIAS) ਸ਼ੁਰੂ ਹੋ ਚੁੱਕੀ ਹੈ ਇਸ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਹ ਸਾਰੀ ਪ੍ਰਕਿਰਿਆ ਨਵੇਂ ਦਿੱਤੇ ਆਨਲਾਈਨ ਪ੍ਰੋਫਾਰਮਾ ਅਨੁਸਾਰ ਮਿਤੀ 24 ਜੁਲਾਈ, 2015 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਵਾ ਲਈ ਜਾਵੇ ਤਾਂ ਜੋ ਜ਼ਿਲ੍ਹਾ ਪੱਧਰ ਇੰਸਪਾਇਰ ਐਵਾਰਡ ਦੇ ਆਯੋਜਨ ਦੀ ਪਲਾਨਿੰਗ ਕੀਤੀ ਜਾ ਸਕੇ, ਜੋ ਕਿ ਅਗਸਤ ਮਹੀਨੇ ਦੇ ਪਹਿਲੇ ਹਫਤੇ ਵਿੱਚ ਕਰਵਾਇਆ ਜਾਣ ਦੀ ਸੰਭਾਵਨਾ ਹੈ।

3.0 ਪਹਿਲਾਂ ਕੀਤੀਆਂ ਗਈਆਂ ਨੋਮੀਨੇਸ਼ਨ ਨੂੰ ਰੱਦ ਸਮਝਿਆ ਜਾਵੇ ਅਤੇ ਨਵੀਆਂ ਰਜਿਸਟ੍ਰੇਸ਼ਨ ਸਮੇਤ ਅਕਾਊਂਟ ਨੰ. ਭੇਜੀਆਂ ਜਾਣ।

4.0 ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ (ਸਰਕਾਰੀ ਅਤੇ ਪ੍ਰਾਈਵੇਟ) ਦੀ ਆਨਲਾਈਨ ਰਜਿਸਟ੍ਰੇਸ਼ਨ ਅਤੇ ਨੋਮੀਨੇਸ਼ਨ ਤੁਰੰਤ ਪੂਰੀ ਕਰ ਲਈ ਜਾਵੇ ।ਸਕੂਲਾਂ ਦੀ ਰਜਿਸਟ੍ਰੇਸ਼ਨ ਅਤੇ ਨੋਮੀਨੇਸ਼ਨ ਸਬੰਧੀ ਪੂਰੀ ਜ਼ਿਮੇਵਾਰੀ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਦੀ ਹੋਵੇਗੀ।ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਦੀ ਰਜਿਸਟ੍ਰੇਸ਼ਨ ਅਤੇ ਨੋਮੀਨੇਸ਼ਨ ਕਰਨਾ ਵੀ ਲਾਜ਼ਮੀ ਬਣਾਇਆ ਜਾਵੇ।

5.0 ਆਨਲਾਈਨ ਫਾਰਮ ਡਾਊਨਲਾਊਡ/ਭਰਨ ਲਈ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1) http://www.inspireawards-dst.gov.in → Catagories → Downloads → School Form → School Registration → click to download

2) Student Registration → Click to download

3) ਆਨਲਾਈਨ ਰਜਿਸਟ੍ਰੇਸ਼ਨ ਫਾਰਮ ਭਰਨ ਲਈ macro software enable ਕਰਨ ਲਈ ਸਭ ਤੋਂ ਪਹਿਲੇ Excel ਦੀ ਫਾਈਲ ਖੋਲੀ ਜਾਵੇ।

- Open Excel workbook and click the Office button in the upper left corner of the screen. At the bottom of this menu, click the Excel Options button.
- Click the Trust Center button on the left. Then, at the bottom right, select Trust Center Settings.
- In the new window that appears, choose Macro Settings from the sidebar and select enable macros from the list of options that appear.

- Click OK to exit this window.

4) ਪਹਿਲਾਂ ਰਜਿਸਟਰ ਕੀਤੀਆਂ ਆਨਲਾਈਨ ਨੌਮੀਨੇਸ਼ਨ ਵੀ ਦੁਬਾਰਾ ਭੇਜੀਆ ਜਾਣ, ਜਿਸ ਵਿੱਚ ਵਿਦਿਆਰਥੀਆਂ ਦਾ ਵੇਰਵਾ ਸਮੇਤ ਬੈਕ ਅਕਾਊਂਟ ਨੰ., ਬੈਂਕ ਦਾ ਨਾਂ ਅਤੇ IFSC ਕੋਡ ਦਰਸਾਉਣਾ ਹੈ।

6.0 ਪਿਛਲੇ ਚਾਰ ਇੰਸਪਾਇਰ ਐਵਾਰਡ ਵਿੱਚ ਜਿਨ੍ਹਾਂ ਸਕੂਲਾਂ ਦੇ ਦੋ ਵਿਦਿਆਰਥੀ ਭਾਗ ਲੈ ਚੁੱਕੇ ਹਨ, ਉਨ੍ਹਾਂ ਸਕੂਲਾਂ ਦੀ ਇਸ ਸਾਲ ਰਜਿਸਟ੍ਰੇਸ਼ਨ/ਨੌਮੀਨੇਸ਼ਨ ਨਹੀਂ ਹੋਵੇਗੀ।

7.0 ਸਾਲ 2008 ਤੋਂ ਲੈਕੇ ਹੁਣ ਤੱਕ ਦਾ ਆਨਲਾਈਨ ਵਰਤੋਂ ਸਰਟੀਫਿਕੇਟ ਭਰਨ ਦੀ ਆਖਰੀ ਮਿਤੀ 6.07.2015 ਹੈ। ਇਸ ਨੂੰ ਵੀ ਅਤਿ ਜਰੂਰੀ ਸਮਝਿਆ ਜਾਵੇ।

8.0 ਉੱਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ